2026114916
14/9/2026
ਡੀ.ਏ.

# ਡਾਇਰੈਕਟਰ ਜਨਰਲ ਸਕੂਲ ਐਜੂਕੇਸ਼ਨ-ਕਮ-ਸਟੇਟ ਪ੍ਰਾਜੈਕਟ ਡਾਇਰੈਕਟਰ

**ਸਮੱਗਰਾ ਸਿੱਖਿਆ ਅਭਿਆਨ (ਪੰਜਾਬ)**

ਪੰਜਵੀਂ ਮੰਜ਼ਿਲ, ਈ-ਬਲਾਕ, ਸਿੱਖਿਆ ਭਵਨ, ਫੇਜ਼-8, ਐਸ.ਏ.ਐਸ. ਨਗਰ (ਮੋਹਾਲੀ), ਪੰਜਾਬ (160062)

ਵੈਬਸਾਇਟ www.ssapunjab.org, ਈ-ਮੇਲ: iedpunjabssa@gmail.com, ਫੋਨ ਨੰ. 0172-5212613, 5212324

ਵੱਲ

ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿੱ./ਐ.ਸਿੱ.)
ਪੰਜਾਬ।

ਮੀਮੋ ਨੰ.ਆਈ.ਈ.ਡੀ./ਸਸਅ/2026/239542 ਮਿਤੀ : 03-09-2026

**ਵਿਸ਼ਾ :- PRASHAST APP 2.0 ਸਕੂਲ ਦੇ UDISE ਡਾਟੇ ਨੂੰ ਤਸ਼ਦੀਕ ਅਤੇ Part-1 screening ਦੀ ਸ਼ੁਰੂਆਤ ਕਰਨ ਸਬੰਧੀ।**

1. ਉਪਰੋਕਤ ਵਿਸ਼ੇ ਸਬੰਧੀ ਲਿਖਿਆ ਜਾਂਦਾ ਹੈ ਭਾਰਤ ਸਰਕਾਰ ਵੱਲੋਂ ਤਿਆਰ PRASHAST App 2.0 ਅਧੀਨ 3-18 ਸਾਲ ਦੀ ਉਮਰ ਦੇ ਸਾਰੇ ਬੱਚਿਆਂ ਦੀ ਸਕ੍ਰੀਨਿੰਗ ਕੀਤੀ ਜਾਣੀ ਹੈ, ਤਾਂ ਜੋ Rights of Persons with Disabilities RPwD) Act, 2016 ਦੇ ਅਨੁਸਾਰ ਦਿਵਿਆਂਗਤਾਵਾਂ ਦੀ ਸ਼ੁਰੂਆਰਤੀ ਪਛਾਣ ਕੀਤੀ ਜਾ ਸਕੇ।

2. PRASHAST App ਅਧੀਨ ਸਕੂਲ ਮੁੱਖੀ, ਅਧਿਆਪਕ, ਵਿਸ਼ੇਸ਼ ਅਧਿਆਪਕ ਅਤੇ ਵਿਦਿਆਰਥੀ ਦੀ ਜਾਣਕਾਰੀ PRASHAST ਪਲੇਟਫਾਰਮ 'ਤੇ ਦਰਜ ਹੋ ਰਹੀ ਹੈ। ਇਸ ਨਾਲ ਅਧਿਆਪਕ ਵੱਲੋਂ ਮੈਨੂਅਲ ਡਾਟਾ ਐਂਟਰੀ ਕਰਨ ਦੀ ਲੋੜ ਖਤਮ ਹੋਵੇਗੀ ਅਤੇ ਉਹਨਾਂ ਦੇ ਕੰਮ ਦਾ ਬੋਝ ਕਾਫੀ ਘਟੇਗਾ।

3. ਨਵਾਂ ਅਪਗ੍ਰੇਡ ਕੀਤਾ ਗਿਆ PRASHAST ਪਲੇਟਫਾਰਮ ਬਲਾਕ ਪੱਧਰ ਤੱਕ ਸਾਰੇ ਪ੍ਰਸ਼ਾਸਨਿਕ ਪੱਧਰਾਂ 'ਤੇ ਡੈਸ਼ਬੋਰਡ ਰਾਹੀਂ ਨਿਗਰਾਨੀ ਦੀ ਸਹੂਲਤ ਪ੍ਰਦਾਨ ਕਰਦਾ ਹੈ। ਇਸ ਤੋਂ ਇਲਾਵਾ, ਇਹ ਬਲਾਕ ਪੱਧਰ 'ਤੇ ਮੁਲਾਂਕਣ ਕੈਂਪਾਂ ਦੀ ਏਕੀਕ੍ਰਿਤ ਯੋਜਨਾ ਬਣਾਉਣ ਅਤੇ ਵੱਖ-ਵੱਖ ਹਿੱਸੇਦਾਰਾਂ ਵਿਚਕਾਰ ਸੁਚਾਰੂ ਤਾਲਮੇਲ ਅਤੇ ਏਕੀਕਰਨ ਨੂੰ ਵੀ ਯਕੀਨੀ ਬਣਾਉਂਦਾ ਹੈ।

4. ਇਸ ਸਮੇਂ ਸਾਰੇ ਜਨਰਲ ਅਧਿਆਪਕ PRASHAST App ਸਬੰਧੀ ਲਾਜ਼ਮੀ ਆਨਲਾਈਨ ਸੰਵੇਦਨਸ਼ੀਲਤਾ ਮੋਡੀਊਲ (Sensitization Module) ਨੂੰ ਪੂਰਾ ਕਰ ਰਹੇ ਹਨ, ਜੋ Part-1 Screening ਕਰਨ ਲਈ ਲਾਜ਼ਮੀ ਹੈ।

5. ਇਸ ਸਬੰਧ ਵਿੱਚ ਸੂਚਿਤ ਕੀਤਾ ਜਾਂਦਾ ਹੈ ਕਿ 10 ਸਤੰਬਰ 2026 ਤੋਂ ਸਕੂਲ ਮੁੱਖੀਆਂ/ ਹੈੱਡਮਾਸਟਰਾਂ/ ਪ੍ਰਿੰਸੀਪਲਾਂ ਲਈ (PRASHAST ਪਲੇਟਫਾਰਮ 'ਤੇ ਉਪਲਬਧ ਸਕੂਲ, ਅਧਿਆਪਕਾਂ ਅਤੇ ਵਿਦਿਆਰਥੀਆਂ ਦੇ ਵੇਰਵਿਆਂ ਦੀ ਜਾਂਚ ਅਤੇ ਤਸ਼ਦੀਕ (Verification & Authentication) ਕਰਨ ਲਈ ਲੋਗਇਨ ਸਹੂਲਤ 10 ਸਤੰਬਰ 2026 ਤੋਂ ਸ਼ੁਰੂ ਕਰ ਦਿੱਤੀ ਜਾਵੇਗੀ।

6. ਸਕੂਲ ਮੁੱਖੀਆਂ/ ਹੈੱਡਮਾਸਟਰਾਂ/ ਪ੍ਰਿੰਸੀਪਲਾਂ ਪਲੇਟਫਾਰਮ ਤੇ ਉਪਲਬਧ ਡਾਟੇ ਦੀ ਧਿਆਨ ਨਾਲ ਜਾਂਚ ਕਰਕੇ ਉਸ ਦੀ ਤਸ਼ਦੀਕ ਕਰਨ। ਜੇਕਰ ਡਾਟਾ ਸਹੀ ਅਤੇ ਪੂਰਾ ਪਾਇਆ ਜਾਂਦਾ ਹੈ ਤਾਂ ਸਬੰਧਿਤ ਜਨਰਲ ਅਧਿਆਪਕਾਂ ਨੂੰ Part-1 screening ਕਰਨ ਲਈ ਅਸਾਈਨ ਕੀਤਾ ਜਾ ਸਕਦਾ ਹੈ)। Part-1 screening 1 ਅਕਤੂਬਰ 2026 ਤੋਂ ਸ਼ੁਰੂ ਹੋਣੀ ਨਿਰਧਾਰਿਤ ਹੈ।

7. ਬੱਚਿਆਂ ਦੀ ਭਾਗ-1 screening 1 ਅਕਤੂਬਰ 2026 ਤੋਂ ਸ਼ੁਰੂ ਕੀਤੀ ਜਾਣੀ ਹੈ, ਜਿਸ ਸਬੰਧੀ ਦੀ student progression ਦੀ ਪ੍ਰਕਿਰਿਆ, ਜਿਸ ਵਿੱਚ ਸਾਰੇ ਦਾਖਲ ਵਿਦਿਆਰਥੀਆਂ ਦੀ ਐਂਟਰੀ ਵੀ ਸ਼ਾਮਲ ਹੈ, 15 ਸਤੰਬਰ 2026 ਤੱਕ ਪੂਰੀ ਕਰ ਲਈ ਜਾਵੇ। ਤਾਂ ਜੋ ਸਕ੍ਰੀਨਿੰਗ ਸ਼ੁਰੂ ਹੋਣ ਤੋਂ ਪਹਿਲਾਂ PRASHAST ਪਲੇਟਫਾਰਮ 'ਤੇ ਵਿਦਿਆਰਥੀਆਂ ਦਾ ਡਾਟਾ ਪੂਰੀ ਤਰ੍ਹਾਂ ਅਪਡੇਟ ਹੋ ਸਕੇ।

8. ਸਾਰੇ ਸਬੰਧਤ ਅਧਿਕਾਰੀਆਂ/ ਕਰਮਚਾਰੀਆਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਪਰੋਕਤ ਸਮਾਂ-ਸੀਮਾਵਾਂ ਦੀ ਪਾਲਣਾ ਕਰਦੇ ਹੋਏ ਸਾਰੀਆਂ ਲੋੜੀਂਦੀਆਂ ਗਤੀਵਿਧੀਆਂ ਨੂੰ ਸਮੇਂ ਸਿਰ ਪੂਰਾ ਕਰਨ, ਤਾਂ ਜੋ PRASHAST Part-1 screening ਦੀ ਸੁਚਾਰੂ ਅਤੇ ਪ੍ਰਭਾਵਸ਼ਾਲੀ ਸ਼ੁਰੂਆਤ ਯਕੀਨੀ ਬਣਾਏ ਜਾ ਸਕੇ।

ਦਫਤਰ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ) ਬਠਿੰਡਾ ... ਮਿਤੀ 03.09.2026
ਪਿੱਠ ਅੰਕਣ ਨੰ: ... /2026/5029 ਮਿਤੀ 14/09/26
ਉਕਤ ਦਾ ਉਤਾਰਾ ਸਮੂਹ ਸਕੂਲ ਮੁੱਖੀਆਂ ਨੂੰ
ਸੂਚਨਾ ਅਤੇ ਅਗਲੇਰੀ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਸਹਾਇਕ ਡਾਇਰੈਕਟਰ (ਆਈ.ਈ.ਡੀ.)
ਸਮੱਗਰ ਸਿੱਖਿਆ ਅਭਿਆਨ ਅਥਾਰਟੀ, ਪੰਜਾਬ।

14/09/26
ਜਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.)
ਬਠਿੰਡਾ